# 3rd Foreign Office Consultations between India and Paraguay (December 01, 2021)

December 02, 2021

## ਭਾਰਤ ਅਤੇ ਪੈਰਾਗੁਏ ਦੇ ਵਿਦੇਸ਼ ਦਫ਼ਤਰਾਂ ਦਰਮਿਆਨ ਤੀਜਾ ਸਲਾਹ-ਮਸ਼ਵਰਾ (1 ਦਸੰਬਰ, 2021)

### 2 ਦਸੰਬਰ, 2021

1. ਭਾਰਤ ਅਤੇ ਪੈਰਾਗੁਏ ਦੇ ਵਿਦੇਸ਼ ਦਫ਼ਤਰਾਂ ਦਰਮਿਆਨ ਤੀਜੇ ਸਲਾਹ-ਮਸ਼ਵਰੇ (FOC) 1 ਦਸੰਬਰ, 2021 ਨੂੰ ਅਸੂਨਸੀਅਨ ਵਿਖੇ ਹੋਏ। ਭਾਰਤੀ ਵਫ਼ਦ ਦੀ ਅਗਵਾਈ ਸਕੱਤਰ (ਪੂਰਬ) ਸ਼੍ਰੀਮਤੀ ਰੀਵਾ ਗਾਂਗੁਲੀ ਦਾਸ ਨੇ ਕੀਤੀ ਅਤੇ ਪੈਰਾਗੁਏ ਪੱਖ ਦੀ ਨੁਮਾਇੰਦਗੀ ਪੈਰਾਗੁਏ ਦੇ ਉਪ ਮੰਤਰੀਆਂ ਮਹਾਮਹਿਮ ਮਾਰਸੇਲੋ ਸਕੈਪਿਨੈਂਡ ਅਤੇ ਮਹਾਮਹਿਮ ਰਾਉਲ ਕੈਨੋ ਰਿਕਾਰਡੀ ਨੇ ਕੀਤੀ।

2. ਦੋਵਾਂ ਪੱਖਾਂ ਨੇ ਆਪਣੇ ਸਮੁੱਚੇ ਦੁਵੱਲੇ ਸਬੰਧਾਂ ਦੀ ਵਿਆਪਕ ਸਮੀਖਿਆ ਕੀਤੀ ਜਿਸ ਵਿੱਚ ਉੱਚ-ਪੱਧਰੀ ਵਿਚਾਰ - ਵਟਾਂਦਰੇ, ਵਪਾਰ ਅਤੇ ਨਿਵੇਸ਼, ਖੇਤੀਬਾੜੀ, ਸਿਹਤ ਅਤੇ ਫਾਰਮਾ ਸ਼ਾਮਲ ਸਨ। ਦੋਵਾਂ ਪੱਖਾਂ ਨੇ ਸੱਭਿਆਚਾਰਕ ਅਤੇ ਕੌਂਸਲਰ ਮਾਮਲਿਆਂ ਵਿੱਚ ਸਹਿਯੋਗ ਨੂੰ ਮਜ਼ਬੂਤ ਕਰਨ ਦੇ ਤਰੀਕਿਆਂ ਬਾਰੇ ਵੀ ਚਰਚਾ ਕੀਤੀ ਅਤੇ ਮਹਾਂਮਾਰੀ ਦੇ ਪ੍ਰਬੰਧਨ ਬਾਰੇ ਵਿਚਾਰ - ਵਟਾਂਦਰਾ ਕੀਤਾ।

3. ਪੈਰਾਗੁਏ ਵੱਲੋਂ ਆਪਣੇ ਟੀਕਾਕਰਨ ਪ੍ਰੋਗਰਾਮ ਨੂੰ ਮਦਦ ਦੇਣ ਲਈ ਮੇਡ ਇਨ ਇੰਡੀਆ ਕੋਵੈਕਸੀਨ ਦੀ ਸਮੇਂ ਸਿਰ ਸਪਲਾਈ ਕਰਨ ਲਈ ਭਾਰਤ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਨੇ ਭਾਰਤ ਸਰਕਾਰ ਵੱਲੋਂ ਅਸੂਨਸੀਓਨ ਵਿੱਚ ਜਲਦੀ ਹੀ ਰੈਜ਼ੀਡੈਂਟ ਮਿਸ਼ਨ ਖੋਲ੍ਹਣ ਦੇ ਫੈਸਲੇ ਦੀ ਵੀ ਸ਼ਲਾਘਾ ਕੀਤੀ ਗਈ।

4. ਦੋਵੇਂ ਪੱਖ 2021 ਵਿੱਚ ਦੋਵਾਂ ਦੇਸ਼ਾਂ ਦਰਮਿਆਨ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੇ 60 ਸਾਲਾ ਜਸ਼ਨਾਂ ਨੂੰ ਢੁੱਕਵੇਂ ਢੰਗ ਨਾਲ ਮਨਾਉਣ ਉੱਤੇ ਸਹਿਮਤ ਹੋਏ। ਪੈਰਾਗੁਏ ਪੱਖ ਨੇ ਵੀ ਭਾਰਤ ਦੀ ਆਜ਼ਾਦੀ ਦੇ 75 ਸਾਲਾ ਜਸ਼ਨ ਮਨਾਉਣ ਦੀ ਆਪਣੀ ਤਿਆਰੀ ਬਾਰੇ ਦੱਸਿਆ।

5. ਦੋਵਾਂ ਪੱਖਾਂ ਨੇ ਦੱਖਣੀ ਏਸ਼ੀਆ ਅਤੇ ਦੱਖਣੀ ਅਮਰੀਕਾ ਵਿੱਚ ਖੇਤਰੀ ਘਟਨਾਕ੍ਰਮ ਬਾਰੇ ਵੀ ਵਿਚਾਰ - ਵਟਾਂਦਰਾ ਕੀਤਾ । ਦੋਵੇਂ ਪੱਖਾਂ ਨੂੰ ਸੰਯੁਕਤ ਰਾਸ਼ਟਰ ਵਿੱਚ ਸਹਿਯੋਗ ਸਮੇਤ ਬਹੁਪੱਖੀ ਮੰਚਾਂ 'ਤੇ ਨਜ਼ਦੀਕੀ ਤਾਲਮੇਲ ਬਣਾਏ ਰੱਖਣ ਦੀ ਆਸ ਹੈ।

ਅਸੂਨਸੀਓਨ
1 ਦਸੰਬਰ, 2021

DISCLAIMER: This is an approximate translation. The original is available in English on MEA's website and may be referred to as the official press release.